# LUDHIANA BANI PUNJABI

Dt. 16.07.2019 Tuesdsy

## ਬਾਇਓਡੀਜ਼ਲ ਪਲਾਂਟ ਦੀ ਤਕਨੀਕ ਨਾਲ ਹੋਵੇਗਾ ਤਿਆਰ ਡੀਜ਼ਲ : ਪ੍ਰੋ. ਹਰੀਸ਼ ਹਿਰਾਨੀ



ਪ੍ਰੋਗਰਾਮ 'ਚ ਬਾਇਓਡੀਜ਼ਲ ਪਲਾਂਟ ਦਾ ਡਿਜ਼ਾਈਨ ਭੇਟ ਕਰਦੇ ਹੋਏ ਪ੍ਰੋ. ਹਰੀਸ਼ ਹਿਰਾਨੀ, ਡਾ. ਪ੍ਰਦੀਪ ਰਾਜਨ, ਬਾਸੁਦੇਵ ਅਤੇ ਹੋਰ।

ਲੁਧਿਆਣਾ, 15 ਜੁਲਾਈ (ਮੋਹਿਨੀ)- ਭਾਰਤ ਸਰਕਾਰ ਦੇ ਵਿਗਿਆਨਕ ਤੇ ਉਦਯੋਗਿਕ ਅਨੁਸੰਸਾਧਨ ਪ੍ਰੀਸ਼ਦ ਦੇ ਸੈਂਟਰਲ ਮਕੈਨੀਕਲ ਇੰਜੀ. ਰਿਸਰਚ ਇੰਸਟੀਚਿਊਟ ਦੀ ਉਪਜ ਵਿਚ ਸੀ. ਓ. ਈ. ਐੱਫ. ਐੱਮ. ਲੁਧਿਆਣਾ ਦੇ ਦੋ ਵਿਗਿਆਨਕਾਂ ਨੇ 'ਸੈਮੀ-ਅਵਿਰਲ ਬਾਇਓਡੀਜ਼ਲ ਪਲਾਂਟ' ਦੀ ਤਕਨੀਕ ਵਿਕਸਤ ਕੀਤੀ ਹੈ ਇਹ ਤਕਨੀਕ 10 ਫੀਸਦੀ ਤੱਕ ਮੁਕਤ ਫੈਟੀ ਐਸਿਡ ਸਮੱਗਰੀ ਵਾਲੇ ਕਿਸੇ ਵੀ ਫੀਡ ਸਟਾਕ ਤੋਂ ਬਾਇਓਡੀਜ਼ਲ ਦੇ ਉਤਪਾਦਨ ਲਈ ਇਕ ਸਰਲ ਪ੍ਰਕਿਰਿਆ ਦਾ ਪ੍ਰਤੀਨਿਧਤਵ ਕੀਤਾ ਹੈ ਜਿਸ ਸਬੰਧ ਵਿਚ ਆਯੋਜਿਤ ਪ੍ਰੋਗਰਾਮ ਦੇ ਦੌਰਾਨ ਇੰਸਟੀਚਿਊਟ ਦੇ ਨਿਰਦੇਸ਼ਕ ਪ੍ਰੋ. ਹਰੀਸ਼ ਹਿਰਾਨੀ ਨੇ ਪ੍ਰਤੀਭਾਗੀਆਂ ਨੂੰ ਸੰਬੋਧਤ ਕਰਦਿਆਂ ਕਿਹਾ ਕਿ ਇਹ ਇਕ ਬਾਇਓਡੀਜ਼ਲ ਦੇ ਉਤਪਾਦਨ ਨੂੰ ਲਾਗੂ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਹ ਬਾਇਓਡੀਜ਼ਲ ਸੰਯਤਰ ਵੱਖ-ਵੱਖ ਪ੍ਰਕਾਰ ਦੇ ਤੇਲ ਜਟਰੋਫਾ, ਕਰੰਜ, ਤੁੰਗ, ਮਹੂਆ, ਜੇਜੋਬਾ ਅਤੇ ਪਸ਼ੂ ਵਸਾ ਤੋਂ ਗੁਣਵੱਤਾ ਵਾਲਾ ਬਾਇਓਡੀਜ਼ਲ ਬਣਾਉਣ ਵਿਚ ਸਮਰੱਥ ਹੈ।

### ਉਤਪਾਦਕਾਂ ਨੂੰ ਮਿਲੇਗਾ ਬਾਇਓਡੀਜ਼ਲ ਦਾ ਲਾਭ, ਪ੍ਰਦੂਸ਼ਣ 'ਤੇ ਰਹੇਗਾ ਕੰਟਰੋਲ

ਸੀ. ਐੱਸ. ਆਈ. ਆਰ.-ਸੀ. ਐੱਮ. ਈ. ਆਰ. ਆਈ. ਬਾਇਓਡੀਜ਼ਲ ਮਸ਼ੀਨਰੀ ਦਾ ਵਪਾਰੀਕਰਨ ਨਾਲ ਮਨਿਸਟਰੀ ਆਫ ਮਾਈਕ੍ਰੋ ਸਮਾਲ ਇੰਟਰਪ੍ਰਾਈਜ਼ਿਜ਼ (ਐੱਮ. ਐੱਸ. ਐੱਮ. ਈ.) ਦੀ ਸਹਾਇਤਾ ਕਰ ਰਿਹਾ ਹੈ ਜਿਸ ਵਿਚ ਨਵੇਂ ਕਾਰੋਬਾਰੀ ਤੇ ਸਟਾਰਟਅੱਪ 'ਚ ਸਥਾਨੰਤਰਿਤ ਕੀਤਾ ਗਿਆ ਹੈ। ਉਨ੍ਹਾਂ ਉਦਯੋਗਾਂ ਤੋਂ ਜਾਣੂ ਕੀਤਾ ਕਿ ਉਹ ਅਕਸ਼ੈ ਊਰਜਾ ਸਰੋਤਾਂ 'ਤੇ ਉੱਚ ਊਰਜਾ ਨਿਰਭਰਤਾ ਦੇ ਸਰਕਾਰ ਦੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਇਸ ਤਕਨੀਕ ਨੂੰ ਅੱਗੇ ਲਿਆਉਣ ਦੇ ਲਈ ਮਿਲ ਕੇ ਕੰਮ ਕਰਨ। ਇਹ ਤਕਨੀਕ ਬਾਇਓਡੀਜ਼ਲ ਉਤਪਾਦਕਾਂ ਲਈ ਵੀ ਲਾਭਦਾਇਕ ਹੈ, ਕਿਉਂਕਿ ਇਨ੍ਹਾਂ ਨੂੰ ਇਕ ਸਾਲ ਤੋਂ ਘੱਟ ਦੀ ਸੀਮਾ 'ਚ ਪ੍ਰਤੀ ਲਿਟਰ 5 ਤੋਂ 8 ਰੁਪਏ ਦਾ ਲਾਭ ਦੇਵੇਗਾ। ਇਸ ਮੌਕੇ ਡਾ. ਪ੍ਰਦੀਪ ਰਾਜਨ ਪ੍ਰਧਾਨ ਵਿਗਿਆਨਕ ਤੇ ਪ੍ਰਮੁੱਖ ਖੇਤੀ ਮਸ਼ੀਨਰੀ ਵਿਭਾਗ, ਪੀ. ਐੱਨ. ਪਾਠਕ, ਅਸ਼ਵਨੀ ਕੁਮਾਰ ਆਦਿ ਮੌਜੂਦ ਸਨ।